ਵਲੋਂ

ਡਾਇਰੈਕਟਰ, ਖੁਰਾਕ, ਸਿਵਲ ਸਪਲਾਈਜ਼
ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ।

ਸੇਵਾ ਵਿਖੇ,

ਸਮੂਹ ਜਿਲ੍ਹਾ ਕੰਟਰੋਲਰ,
ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਪੰਜਾਬ ਰਾਜ ਵਿਚ ।

ਮੀਮੋ ਨੰ. 1ਖਵ(110-ਏ)-2016/ 1284
ਮਿਤੀ, ਚੰਡੀਗੜ੍ਹ 15.06.2016

ਵਿਸ਼ਾ : ਨਵੀਂਆਂ ਸਸਤੇ ਭਾਅ ਦੀਆਂ ਦੁਕਾਨਾਂ (ਰਾਸ਼ਨ ਡਿਪੂ) ਖੋਲਣ ਸਬੰਧੀ ਪਾਲਿਸੀ ਬਾਰੇ।

ਹਵਾਲਾ, ਇਸ ਦਫਤਰ ਦਾ ਮੀਮੋ ਨੰ 1ਖਵ(110-ਏ)-09/ 5093 ਮਿਤੀ 3.12.2009, ਉਪਰੋਕਤ ਵਿਸ਼ੇ ਦੇ ਸਬੰਧ ਵਿਚ।

ੳ) ਹਵਾਲੇ ਅਧੀਨ ਪੱਤਰ ਰਾਹੀਂ ਇਸ ਦਫਤਰ ਵਲੋਂ ਰਾਜ ਵਿਚ ਸਸਤੇ ਭਾਅ ਦੀਆਂ ਦੁਕਾਨਾਂ (ਰਾਸ਼ਨ ਡਿਪੂ) ਦੀਆਂ ਖਾਲੀ ਅਸਾਮੀਆਂ ਭਰਨ ਲਈ ਅਪਣਾਈ ਜਾਣੀ ਵਿਧੀ ਬਾਰੇ ਲਿਖਿਆ ਗਿਆ ਸੀ। ਰਾਜ ਵਿਚ ਨੈਸ਼ਨਲ ਫੂਡ ਸਕਿਓਰਿਟੀ ਐਕਟ 2013 ਅਤੇ ਪੰਜਾਬ ਟਾਰਗੇਟੈਡ ਪਬਲਿਕ ਡਿਸਟ੍ਰਿਬਿਊਸ਼ਨ ਸਿਸਟਮ (ਲਾਇਸੰਸਿੰਗ ਅਤੇ ਕੰਟਰੋਲ) ਆਰਡਰ, 2016 ਲਾਗੂ ਹੋਣ ਉਪਰੰਤ ਸਸਤੇ ਭਾਅ ਦੀਆਂ ਦੁਕਾਨਾਂ (ਰਾਸ਼ਨ ਡਿਪੂ) ਦੀਆਂ ਖਾਲੀ ਅਸਾਮੀਆਂ ਭਰਨ ਸਬੰਧੀ ਪਾਲਿਸੀ ਨੂੰ ਰੀਵਿਊ ਕੀਤਾ ਗਿਆ ਹੈ ਅਤੇ ਪਹਿਲਾਂ ਜਾਰੀ ਪਾਲਿਸੀ ਨੂੰ ਹੇਠ ਅਨੁਸਾਰ ਸੋਧਿਆ ਜਾਂਦਾ ਹੈ:-

1) ਡਿਪੂ ਅਲਾਟਮੈਂਟ ਕਮੇਟੀ

I. ਸਬੰਧਤ ਡਿਪਟੀ ਡਾਇਰੈਕਟਰ (ਫੀਲਡ)-ਚੇਅਰਮੈਨ

II. ਸਬੰਧਤ ਜਿਲ੍ਹਾ ਖੁਰਾਕ ਅਤੇ ਸਪਲਾਈਜ਼ ਕੰਟਰੋਲਰ - ਮੈਂਬਰ ਸਕੱਤਰ

III. ਐਮ.ਐਲ.ਏ. ਜਾਂ ਐਮ.ਸੀ ਦੇ ਨੁਮਾਇੰਦੇ ਦੀ ਸਮੂਲੀਅਤ (ਨਿਮੰਤ੍ਰਿਤ ਵਿਅਕਤੀ) (ਸ਼ਹਿਰੀ ਡਿਪੂਆਂ ਲਈ)
ਸਰਪੰਚ/ ਪੰਚ ਦੀ ਸਮੂਲੀਅਤ (ਨਿਮੰਤ੍ਰਿਤ ਵਿਅਕਤੀ) (ਪੇਂਡੂ ਡਿਪੂਆਂ ਲਈ)

2) ਖਾਲੀ ਵਕੈਂਸੀਆਂ ਦੀ ਗਿਣਤੀ

ਸ਼ਹਿਰੀ ਇਲਾਕਿਆਂ ਵਿਚ, ਵਾਰਡ ਲੈਵਲ ਤੇ 300 ਰਾਸ਼ਨ ਕਾਰਡਾਂ ਤੱਕ ਇੱਕ ਵਕੈਂਸੀ, ਪ੍ਰੰਤੂ ਜੇਕਰ ਕਿਸੇ ਵਾਰਡ ਵਿਚ 150 ਤੋਂ ਘੱਟ ਰਾਸ਼ਨ ਕਾਰਡ ਹੋਣ ਤਾਂ ਉਸ ਵਾਰਡ ਨੂੰ ਨਾਲ ਲਗਦੇ ਵਾਰਡ/ ਵਾਰਡਾਂ ਨਾਲ ਜੋੜਿਆ ਜਾ ਸਕਦਾ ਹੈ ਅਤੇ 599 ਕਾਰਡਾਂ ਤੋਂ ਬਾਅਦ ਦੂਜੀ ਵਕੈਂਸੀ ਗਿਣੀ ਜਾਵੇ ਅਤੇ ਦੋਵਾਂ ਨਾਲ ਬਰਾਬਰ ਕਾਰਡ ਅਟੈਚ ਕੀਤੇ ਜਾਣਗੇ।

ਕਿਸੇ ਵਾਰਡ ਵਿਚ 150 ਤੋਂ ਘੱਟ ਰਾਸ਼ਨ ਕਾਰਡ ਹੋਣ ਉਥੇ ਨਵਾਂ ਰਾਸ਼ਨ ਡਿਪੂ ਨਾ ਖੋਲਿਆ ਜਾਵੇ।

ਪੇਂਡੂ ਇਲਾਕਿਆਂ ਵਿਚ, ਹਰ ਪਿੰਡ ਵਿਚ ਘੱਟੋ-ਘੱਟ ਇੱਕ ਰਾਸ਼ਨ ਡਿਪੂ ਅਤੇ 400 ਰਾਸ਼ਨ ਕਾਰਡ ਹੋਣ ਦੀ ਸੂਰਤ ਵਿਚ ਦੋ ਰਾਸ਼ਨ ਡਿਪੂ ਹੋ ਸਕਦੇ ਹਨ ਅਤੇ ਦੋਵਾਂ ਨਾਲ ਬਰਾਬਰ ਕਾਰਡ ਅਟੈਚ ਕੀਤੇ ਜਾਣਗੇ।

*ਇਹ ਸ਼ਰਤ ਕੇਵਲ ਨਵੇਂ ਅਲਾਟ ਕੀਤੇ ਜਾਣੇ ਰਾਸ਼ਨ ਡਿਪੂਆਂ ਲਈ ਹੋਵੇਗੀ ਅਤੇ ਜੇਕਰ ਇਸ ਗਿਣਤੀ ਅਨੁਸਾਰ ਰਾਸ਼ਨ ਡਿਪੂਆਂ ਦੀਆਂ ਘੱਟ ਵਕੈਂਸੀਆਂ ਬਣਦੀਆਂ ਹੋਣ ਅਤੇ ਪਹਿਲਾਂ ਤੋਂ ਵੱਧ ਰਾਸ਼ਨ ਡਿਪੂ ਕੰਮ ਕਰ ਰਹੇ ਹੋਣ ਤਾਂ ਮੌਜੂਦਾ ਰਾਸ਼ਨ ਡਿਪੂਆਂ ਨੂੰ ਬਰਕਰਾਰ ਰੱਖਿਆ ਜਾਵੇਗਾ।*

3) ਵੱਖ-ਵੱਖ ਸ਼੍ਰੇਣੀਆਂ ਨੂੰ ਰਾਖਵਾਂਕਰਨ ਦੇਣ ਬਾਰੇ

| | | |
|---|---|---|
| I. | ਅਨੁਸੂਚਿਤ ਜਾਤਿ | 13% |
| II. | ਪਛੜੀਆਂ ਸ਼੍ਰੇਣੀਆਂ | 5% |
| III. | ਸਾਬਕਾ ਫੌਜੀ | 7% |
| IV. | ਸੁਤੰਤਰਤਾ ਸੈਨਾਨੀ | 5% |
| V. | ਅੰਗਹੀਣ* | 3% |
| VI. | ਔਰਤਾਂ ਦੀਆਂ ਸਵੈ ਸੇਵੀ ਸੰਸਥਾਵਾਂ | 2% |
| VII. | ਦੰਗਾ ਪੀੜਤ/ ਅੱਤਵਾਦ ਪਰਿਭਾਵਤ ਪਰਿਵਾਰ | 10% |

ਰਾਸ਼ਨ ਡਿਪੂਆਂ ਦੀ ਅਲਾਟਮੈਂਟ'ਚ ਪੰਚਾਇਤਾਂ, ਸਵੈ ਸੇਵੀ ਸੰਸਥਾਵਾਂ, ਸਹਿਕਾਰੀ ਸਭਾਵਾਂ ਅਤੇ ਔਰਤਾਂ ਦੇ ਗਰੁੱਪ ਨੂੰ ਤਰਜੀਹ ਦਿੱਤੀ ਜਾਵੇਗੀ।

* ਐਸਿਡ ਅਟੈਕ ਵਿਕਟਮਜ਼ ਨੂੰ ਵੀ ਅੰਗਹੀਣ ਕੈਟਾਗਰੀ ਤਹਿਤ ਰਾਖਵਾਂਕਰਨ ਦਿੱਤਾ ਜਾਵੇਗਾ।

15/6/16

4) ਉਮਰ

18 ਤੋਂ 50 ਸਾਲ

ਵਿਧਵਾਵਾਂ, ਸਾਬਕਾ ਫੌਜੀਆਂ ਅਤੇ ਫੌਜੀ ਵਿਧਵਾਵਾਂ ਲਈ ਦੇ ਕੇਸ ਵਿਚ, ਉਪਰਲੀ ਸੀਮਾ ਵਿਚ 5 ਸਾਲ ਤੱਕ ਉਮਰ ਦੀ ਛੋਟ ਹੋਵੇਗੀ

5) ਵਿਦਿਅਕ ਯੋਗਤਾ

ਘੱਟੋ -ਘੱਟ ਦਸਵੀਂ, ਪੰਜਾਬੀ ਵਿਸ਼ੇ ਸਮੇਤ

ਵਿਧਵਾ, ਫੌਜੀ ਵਿਧਵਾਵਾਂ ਅਤੇ ਐਸਿਡ ਅਟੈਕ ਵਿਕਟਮਜ਼ ਲਈ ਘੱਟੋ ਘੱਟ ਪੰਜਵੀਂ

ਰਾਸ਼ਨ ਡਿਪੂ ਹੈਲਪਰ ਲਈ -ਘੱਟੋ-ਘੱਟ ਦਸਵੀਂ, ਪੰਜਾਬੀ ਵਿਸ਼ੇ ਸਮੇਤ

6) ਪਰਿਵਾਰ ਦੀ ਪਰਿਭਾਸ਼ਾ

ਪਤੀ-ਪਤਨੀ ਅਤੇ ਉਨ੍ਹਾਂ ਤੇ ਨਿਰਭਰ ਬੱਚੇ। (ਨਵਾਂ ਰਾਸ਼ਨ ਡਿਪੂ ਲੈਣ ਲਈ, ਇੱਕ ਪਰਿਵਾਰ ਵਿਚ ਇੱਕੋ ਰਾਸ਼ਨ ਡਿਪੂ ਅਲਾਟ ਕੀਤਾ ਜਾ ਸਕਦਾ ਹੈ)।

ਪ੍ਰੰਤੂ ਕਿਸੇ ਡਿਪੂ ਹੋਲਡਰ ਦੀ ਮੌਤ ਉਪਰੰਤ ਤਰਸਯੋਗ ਹਾਲਾਤਾਂ ਵਿਚ, ਉਸਦਾ ਰਾਸ਼ਨ ਡਿਪੂ ਮਾਤਾ, ਪਿਤਾ, ਭੈਣ, ਭਰਾ, ਨੂੰਹ, ਪੋਤੇ, ਪੋਤਰੀ ਦੇ ਨਾਮ ਕੀਤਾ ਜਾ ਸਕਦਾ ਹੈ ਬਸ਼ਰਤੇ ਕਿ ਬਿਨੈਕਾਰ ਮ੍ਰਿਤਕ ਡਿਪੂ ਹੋਲਡਰ ਤੇ ਨਿਰਭਰ ਹੋਵੇ ਅਤੇ ਪਾਲਿਸੀ ਅਨੁਸਾਰ ਹੋਰ ਸ਼ਰਤਾਂ ਪੂਰੀਆਂ ਕਰਦਾ ਹੋਵੇ।

7) ਬਿਨੈਕਾਰ ਦੀ ਆਰਥਿਕ ਸਥਿਤੀ

ਕਮੇਟੀ ਆਪਣੇ ਪੱਧਰ ਤੇ ਫੈਸਲਾ ਲਵੇਗੀ। ਬਿਨੈਕਾਰ ਆਪਣੀ ਚੱਲ/ ਅਚੱਲ ਸੰਪਤੀ ਦਾ ਵੇਰਵਾ ਅਤੇ ਬੈਂਕ ਖਾਤੇ ਬਾਰੇ ਪੂਰਨ ਤੌਰ ਤੇ ਵਿਭਾਗ ਨੂੰ ਜਾਣਕਾਰੀ ਦੇਵੇਗਾ। ਜ਼ਰੂਰੀ ਵਸਤੂਆਂ ਦੇ ਪੈਸੇ ਵਿਭਾਗ ਦੀਆਂ ਹਦਾਇਤਾਂ ਅਨੁਸਾਰ electronically transfer ਕਰਨ ਲਈ ਸਹਿਮਤੀ ਦੇਵੇਗਾ।

8) ਨੌਕਰੀ ਪੇਸ਼ੇ ਬਾਰੇ

ਨਵਾਂ ਰਾਸ਼ਨ ਡਿਪੂ ਲੈਣ ਲਈ ਬਿਨੈਕਾਰ ਕੋਈ ਸਰਕਾਰੀ ਜਾਂ ਪ੍ਰਾਈਵੇਟ ਨੌਕਰੀ ਨਹੀਂ ਕਰਦਾ ਹੋਣਾ ਚਾਹੀਦਾ। ਪ੍ਰੰਤੂ ਜੇਕਰ ਕੋਈ ਬਿਨੈਕਾਰ ਆਪਣਾ ਛੋਟਾ-ਮੋਟਾ ਕਾਰੋਬਾਰ ਕਰਦਾ ਹੋਵੇ ਤਾਂ ਉਹ ਇਸ ਸ਼ਰਤ ਤੇ ਰਾਸ਼ਨ ਡਿਪੂ ਪ੍ਰਾਪਤ ਕਰ ਸਕਦਾ ਹੈ ਕਿ ਉਹ ਵਿਭਾਗ ਦੀਆਂ ਹਦਾਇਤਾਂ/ ਰਾਸ਼ਨ ਦੀ ਵੰਡ ਸਮੇਂ ਰਾਸ਼ਨ ਡਿਪੂ ਖੋਲੇਗਾ ਅਤੇ ਨਿੱਜੀ ਤੌਰ ਤੇ ਮੌਜੂਦ ਰਹੇਗਾ।

9) ਸਜ਼ਾ ਆਦਿ ਸਬੰਧੀ

ਬਿਨੈਕਾਰ ਨੂੰ 7 ਈ.ਸੀ ਐਕਟ ਅਧੀਨ ਕੋਈ ਵੀ ਸਜ਼ਾ ਜਾਂ ਜੁਰਮਾਨਾ ਆਦਿ ਨਹੀਂ ਹੋਇਆ ਹੋਵੇ।

10) ਵਾਰਿਸ ਨਾਮਜ਼ਦ ਕਰਨ ਬਾਰੇ

ਡਿਪੂ ਹੋਲਡਰ ਆਪਣੇ ਡਿਪੂ ਸਬੰਧੀ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਨਿਰਧਾਰਤ ਪ੍ਰਫਾਰਮੇ ਵਿਚ ਵਾਰਿਸ ਨਾਮਜ਼ਦ ਕਰ ਸਕਦਾ ਹੈ ਅਤੇ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਡਿਪੂ ਦੇ ਕੰਮਕਾਰ ਲਈ ਹੈਲਪਰ ਰੱਖ ਸਕਦਾ ਹੈ।

ਡਿਪੂ ਹੋਲਡਰ ਦੀ ਮੌਤ ਉਪਰੰਤ ਨਾਮਜ਼ਦ ਵਿਅਕਤੀ ਦੇ ਨਾਮ ਰਾਸ਼ਨ ਡਿਪੂ ਟਰਾਂਸਫਰ ਕਰਨ ਦਾ ਅਧਿਕਾਰ ਡ.ਖ.ਸ. ਪਾਸ ਹੋਵੇਗਾ। ਉਸਦਾ ਕੇਸ ਪਾਲਿਸੀ ਅਨੁਸਾਰ ਵਿਚਾਰਿਆ ਜਾਵੇਗਾ ਅਤੇ ਇਹ ਨਾਮਜ਼ਦ ਵਿਅਕਤੀ ਦਾ ਹੱਕ ਨਹੀਂ ਹੋਵੇਗਾ।

11) ਸਰੀਰਕ ਸਮਰੱਥਾ ਬਾਰੇ

ਕਮੇਟੀ ਆਪਣੇ ਪੱਧਰ ਤੇ ਫੈਸਲਾ ਲਵੇਗੀ ਕਿ ਬਿਨੈਕਾਰ ਰਾਸ਼ਨ ਡਿਪੂ ਚਲਾਉਣ ਦੇ ਕਾਬਿਲ ਹੈ ਜਾਂ ਨਹੀਂ। ਜੇਕਰ ਕਮੇਟੀ ਵਲੋਂ ਕਿਸੇ ਬਿਨੈਕਾਰ ਨੂੰ ਇਸ ਆਧਾਰ ਤੇ ਇਨਕਾਰ ਕੀਤਾ ਜਾਂਦਾ ਹੈ ਤਾਂ ਉਸ ਬਾਰੇ ਲਿਖਤੀ ਸਪਸ਼ਟ ਕਰਨਾ ਪਵੇਗਾ।

12) ਡਿਪੂ ਖੋਲਣ ਲਈ ਜਗ੍ਹਾ ਬਾਰੇ

ਬਿਨੈਕਾਰ ਕੋਲ ਰਾਸ਼ਨ ਡਿਪੂ ਖੋਲਣ ਲਈ ਯੋਗ ਜਗ੍ਹਾ ਹੋਣ ਬਾਰੇ ਕਮੇਟੀ ਆਪਣੇ ਪੱਧਰ ਤੇ ਫੈਸਲਾ ਲਵੇਗੀ।

ਬਿਨੈਕਾਰ ਵਲੋਂ ਰਾਸ਼ਨ ਡਿਪੂ ਲਈ ਤਜਵੀਜ਼ੀ ਥਾਂ ਤੇ ਬਿਜਲੀ/ ਪਾਣੀ ਦੇ ਕੁਨੈਕਸ਼ਨ ਸਬੰਧੀ ਸਬੂਤ ਹੋਣਾ ਚਾਹੀਦਾ ਹੈ।

ਕੋਈ ਬਿਨੈਕਾਰ ਜਿਥੋਂ ਦੇ ਰਾਸ਼ਨ ਡਿਪੂ ਲਈ ਅਪਲਾਈ ਕਰਦਾ ਹੈ, ਉਹ ਉਸ ਪਿੰਡ/ ਸ਼ਹਿਰ ਦਾ ਵਸਨੀਕ ਹੋਣਾ ਚਾਹੀਦਾ ਹੈ, ਜਿਸਦੇ ਸਬੂਤ ਵਜੋਂ ਉਸਨੂੰ ਵੋਟਰ ਪਹਿਚਾਣ ਪੱਤਰ ਦੇਣਾ ਪਵੇਗਾ। ਜੇਕਰ ਕੋਈ ਵਿਅਕਤੀ ਰਾਸ਼ਨ ਡਿਪੂ ਅਲਾਟ ਹੋਣ ਤੋਂ ਬਾਅਦ ਕਿਤੇ ਹੋਰ ਸਿਫਟ ਕਰਦਾ ਹੈ ਤਾਂ ਵਿਭਾਗ ਨੂੰ ਉਸਦਾ ਰਾਸ਼ਨ ਡਿਪੂ ਕੈਂਸਲ ਕਰਨ ਦਾ ਅਧਿਕਾਰ ਹੋਵੇਗਾ।

16/6/16

**ਜਮਾਨਤੀ ਰਕਮ ਅਤੇ ਸਲਾਨਾ ਲਾਇਸੰਸ ਫੀਸ**

ਜਮਾਨਤੀ ਰਕਮ (ਮੋੜਵੀਂ)-2500/- ਰੁਪਏ (ਐਸ.ਸੀ., ਵਿਧਵਾਵਾਂ, ਐਸਿਡ ਅਟੈਕ ਵਿਕਟਮਜ਼ ਅਤੇ ਦੰਗਾ ਪੀੜਤ/ਅੱਤਵਾਦ ਪਰਿਭਾਵਤ ਪਰਿਵਾਰਾਂ ਲਈ 1000/- ਰੁਪਏ)

ਸਲਾਨਾ ਲਾਇਸੰਸ ਫੀਸ- 500/- ਰੁਪਏ (ਐਸ.ਸੀ., ਵਿਧਵਾਵਾਂ, ਐਸਿਡ ਅਟੈਕ ਵਿਕਟਮਜ਼ ਅਤੇ ਦੰਗਾ ਪੀੜਤ/ਅੱਤਵਾਦ ਪਰਿਭਾਵਤ ਪਰਿਵਾਰਾਂ ਲਈ 250/- ਰੁਪਏ)

ਵਿਧਵਾਵਾਂ ਅਤੇ ਐਸਿਡ ਅਟੈਕ ਵਿਕਟਮਜ਼ ਦੇ ਕੇਸ ਵਿਚ ਜੇਕਰ ਰਾਸ਼ਨ ਡਿਪੂ ਉਨ੍ਹਾਂ ਦੇ ਵਾਰਸਾਂ ਦੇ ਨਾਮ ਤਬਦੀਲ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਪੂਰੀ ਜਮਾਨਤੀ ਰਕਮ ਅਤੇ ਲਾਇਸੰਸ ਫੀਸ ਜਮ੍ਹਾਂ ਕਰਵਾਉਣੀ ਪਵੇਗੀ।

14) **ਡਿਪੂਆਂ ਦੀ ਵਕੈਂਸੀਆਂ ਭਰਨ ਸਬੰਧੀ ਪ੍ਰਚਾਰ ਦਾ ਮਾਧਿਅਮ**

ਕੇਵਲ ਸ਼ਹਿਰੀ ਰਾਸ਼ਨ ਡਿਪੂਆਂ ਦੀਆਂ ਵਕੈਸੀਆਂ ਦੇ ਸਬੰਧ ਵਿਚ ਸਬੰਧਤ ਜਿ.ਖ.ਸ.ਕੰ ਵਲੋਂ ਸਥਾਨਕ ਅੰਗਰੇਜ਼ੀ ਅਤੇ ਪੰਜਾਬੀ ਦੇ ਅਖਬਾਰਾਂ ਰਾਹੀਂ ਬਣਦੀਆਂ ਵਕੈਂਸੀਆਂ ਬਾਰੇ ਇਸ਼ਤਿਹਾਰ ਦਿੱਤਾ ਜਾਵੇਗਾ ਅਤੇ ਉਸ ਵਿਚ ਇਹ ਵੀ ਦਰਜ ਕੀਤਾ ਜਾਵੇਗਾ ਕਿ ਇਹ ਵਕੈਸੀਆਂ ਭਰਨ ਸਬੰਧੀ ਹੋਰ ਕੋਈ ਵਿਸਥਾਰ ਪੂਰਵਕ ਜਾਣਕਾਰੀ ਲਈ ਬਿਨੈਕਾਰ ਸਰਕਲ ਦਫਤਰ ਵਿਖੇ ਕੰਮ ਵਾਲੇ ਦਿਨ ਸੰਪਰਕ ਕਰ ਸਕਦਾ ਹੈ। ਜਿ.ਖ.ਸ.ਕੰ ਦੇ ਦਫਤਰ ਵਿਚ ਨੋਟਿਸ ਬੋਰਡ ਤੇ ਵੀ ਵਕੈਸੀਆਂ ਬਾਰੇ ਨੋਟਿਸ ਲਗਾਇਆ ਜਾਵੇਗਾ।

ਪੇਂਡੂ ਡਿਪੂਆਂ ਲਈ ਇਸ਼ਤਿਹਾਰ ਜ਼ਰੂਰੀ ਨਹੀਂ ਹੈ। ਪ੍ਰੰਤੂ ਸਬੰਧਤ ਪਿੰਡ ਵਿਚ ਘੱਟੋ-ਘੱਟ 7 ਦਿਨ ਪਹਿਲਾਂ ਨੋਟਿਸ ਨੁਮਾਇਆ ਕਰਨਾ ਪਵੇਗਾ ਅਤੇ ਸਬੰਧਤ ਪਿੰਡ ਦੀ ਪੰਚਾਇਤ/ ਨਿਗਰਾਨ ਕਮੇਟੀ ਨੂੰ ਸੂਚਿਤ ਕੀਤਾ ਜਾਵੇਗਾ, ਜਿਨ੍ਹਾਂ ਵਲੋਂ ਪਿੰਡ ਵਿਚ ਹੋਕਾ ਦੇਕੇ ਸਾਰਿਆਂ ਨੂੰ ਜਾਣੂ ਕਰਵਾਇਆ ਜਾਵੇਗਾ।

ਅ) ਉਪਰੋਕਤ ਤੋ ਇਲਾਵਾ, ਰਾਸ਼ਨ ਡਿਪੂ ਅਲਾਟ ਕਰਨ ਲਈ ਹੇਠ ਅਨੁਸਾਰ ਸ਼ਰਤਾਂ ਹੋਣਗੀਆਂ:-

i. ਬਿਨੈਕਾਰ ਨੂੰ ਵਿਭਾਗ ਪਾਸ ਆਪੌਣੇ ਆਧਾਰ ਨੰਬਰ, ਪੈਨ ਕਾਰਡ ਨੰਬਰ ਅਤੇ ਬੈਂਕ ਖਾਤੇ ਦੇ ਵੇਰਵੇ ਸਬੰਧੀ ਸਵੈ ਤਸਦੀਕ ਫੋਟੋਕਾਪੀਆਂ ਦੇਣੀਆਂ ਪੈਣਗੀਆਂ ਤਾਂ ਜੋ ਵਿਭਾਗ ਵਲੋਂ ਉਸ ਨੂੰ ਅਦਾ ਕਰਨ ਯੋਗ ਰਾਸ਼ੀ electronically ਟਰਾਂਸਫਰ ਕੀਤੀ ਜਾ ਸਕੇ।

ii. ਪੇਂਡੂ ਡਿਪੂਆਂ ਲਈ ਬਿਨੈਕਾਰ ਨੂੰ ਉਸਦੇ ਹੱਕ ਵਿਚ ਪੰਚਾਇਤ ਦਾ ਮਤਾ ਪੇਸ਼ ਕਰਨਾ ਲਾਜ਼ਮੀ ਹੋਵੇਗਾ, ਪ੍ਰੰਤੂ ਜੇਕਰ ਪੰਚਾਇਤ ਵਲੋਂ ਇੱਕ ਤੋਂ ਵੱਧ ਬਿਨੈਕਾਰਾਂ ਦੇ ਨਾਮਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਕਮੇਟੀ ਬਿਨੈਕਾਰ ਦੀ ਯੋਗਤਾ ਅਤੇ ਹੋਰ ਸ਼ਰਤਾਂ ਨੂੰ ਵਿਚਾਰਦੇ ਹੋਏ ਯੋਗ ਉਮੀਦਵਾਰ ਦੀ ਚੋਣ ਕਰੇਗੀ।

iii. ਕੋਈ ਵੀ ਰਾਸ਼ਨ ਡਿਪੂ ਹੋਲਡਰ, ਉਸਨੂੰ ਵਿਭਾਗ ਵਲੋਂ ਜਾਰੀ ਕੀਤੀਆਂ ਜਾਂਦੀਆਂ ਜ਼ਰੂਰੀਆਂ ਵਸਤੂਆਂ ਤੋਂ ਇਲਾਵਾ, ਆਪਣੇ ਪੱਧਰ/ ਖਰਚੇ ਤੇ ਹੋਰ ਸਾਮਾਨ ਵੇਚ ਸਕਦਾ ਹੈ, ਪ੍ਰੰਤੂ ਜੇਕਰ ਉਹ ਵਿਭਾਗ ਵਲੋਂ ਜਾਰੀ ਜ਼ਰੂਰੀ ਵਸਤੂਆਂ ਨੂੰ ਖੁਦ ਬੁਰਦ ਕਰਨ ਜਾਂ ਹਦਾਇਤਾਂ ਅਨੁਸਾਰ ਵੰਡ ਨਾ ਕਰਨ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਵਿਭਾਗ ਪਾਸ ਉਸ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ ਅਤੇ ਉਸਨੂੰ ਜਾਰੀ ਲਾਇਸੰਸ ਕੈਂਸਲ ਵੀ ਕੀਤਾ ਜਾ ਸਕਦਾ ਹੈ।

iv. ਰਾਸ਼ਨ ਡਿਪੂ ਅਲਾਟ ਹੋਣ ਦੀ ਸੂਰਤ ਵਿਚ ਬਿਨੈਕਾਰ ਪੰਜਾਬ ਟਾਰਗੇਟੇਡ ਪਬਲਿਕ ਡਿਸਟ੍ਰਿਬਿਊਸ਼ਨ ਸਿਸਟਮ (ਲਾਇਸੰਸਿੰਗ ਅਤੇ ਕੰਟਰੋਲ) ਆਰਡਰ, 2016 ਦੇ ਤਹਿਤ ਇਕਰਾਰਨਾਮਾ ਅਤੇ ਵਿਭਾਗ ਦੀਆਂ ਰੱਖੀਆਂ ਸ਼ਰਤਾਂ ਤੇ ਹਲਫੀਆ ਬਿਆਨ ਤੇ ਮੰਨਜ਼ੂਰੀ ਦੇਵੇਗਾ।

v. ਨੈਸ਼ਨਲ ਫੂਡ ਸਕਿਓਰਿਟੀ ਐਕਟ 2013 ਅਤੇ ਪੰਜਾਬ ਟਾਰਗੇਟੇਡ ਪਬਲਿਕ ਡਿਸਟ੍ਰਿਬਿਊਸ਼ਨ ਸਿਸਟਮ (ਲਾਇਸੰਸਿੰਗ ਅਤੇ ਕੰਟਰੋਲ) ਆਰਡਰ, 2016 ਤਹਿਤ ਉਪਬੰਧਾਂ ਅਨੁਸਾਰ ਰਾਸ਼ਨ ਡਿਪੂ ਹੋਲਡਰ ਸੂਚਨਾ ਦੇ ਅਧਿਕਾਰ ਐਕਟ 2005 ਤਹਿਤ ਸੂਚਨਾ ਦੇਣ ਲਈ ਪਾਬੰਦ ਹੋਵੇਗਾ।

ੲ) ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਰਾਸ਼ਨ ਡਿਪੂ ਦੇ ਕੈਂਸਲ ਹੋਣ ਜਾਂ ਨਵੀਂ ਵਕੈਂਸੀ ਉਪਲਬਧ ਹੋਣ ਦੀ ਸੂਰਤ ਵਿਚ ਸਬੰਧਤ ਜਿ.ਖ.ਸ.ਕੰ ਵਲੋਂ ਨਿਰਧਾਰਤ ਪਾਲਿਸੀ/ਸ਼ਰਤਾਂ/ ਕਾਰਜ਼ਵਿਧੀ ਅਨੁਸਾਰ ਇੱਕ ਮਹੀਨੇ'ਚ ਖਾਲੀ ਵਕੈਂਸੀ ਭਰੀ ਜਾਵੇਗੀ, ਬਸ਼ਰਤੇ ਕਿ ਉਸ ਰਾਸ਼ਨ ਡਿਪੂ ਦੀ ਕੋਈ ਅਪੀਲ Appellate Authority ਜਾਂ ਕਿਸੇ ਕੋਰਟ ਵਿਚ ਪੈਡਿੰਗ ਨਾ ਹੋਵੇ।

14/6/16

ਸੰਯੁਕਤ ਡਾਇਰੈਕਟਰ (ਖੁਰਾਕ ਵੰਡ),
ਵਾ. ਡਾਇਰੈਕਟਰ, ਖੁਰਾਕ, ਸਿਵਲ ਸਪਲਾਈਜ਼
ਅਤੇ ਖਪਤਕਾਰ ਮਾਮਲੇ, ਪੰਜਾਬ।

ਪਿ.ਅੰ.ਨੰ 1ਖਵ(110-ਏ)-2016/ *1285* ਮਿਤੀ, ਚੰਡੀਗੜ੍ਹ *15.06.2016*

ਉਪਰੋਕਤ ਦਾ ਉਤਾਰਾ, ਸਮੂਹ ਡਿਪਟੀ ਡਾਇਰੈਕਟਰ (ਫੀਲਡ), ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ ਰਾਜ ਵਿਚ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

14/6/16

ਸੰਯੁਕਤ ਡਾਇਰੈਕਟਰ (ਖੁਰਾਕ ਵੰਡ),
ਵਾ. ਡਾਇਰੈਕਟਰ, ਖੁਰਾਕ, ਸਿਵਲ ਸਪਲਾਈਜ਼
ਅਤੇ ਖਪਤਕਾਰ ਮਾਮਲੇ, ਪੰਜਾਬ।